## ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ

ਜ਼ਿਲ੍ਹਾ ਪੱਧਰ ਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੀਆਂ ਸਕੀਮਾਂ ਸਬੰਧੀ ਕੰਮ ਕਰਾਉਣ ਲਈ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਜ਼ਿਲ੍ਹੇ ਦੇ ਮੁੱਖੀ ਤੇ ਤੌਰ ਤੇ ਕੰਮ ਕਰਦਾ ਹੈ ਅਤੇ ਇਸ ਦਾ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਹੁਸ਼ਿਆਰਪੁਰ ਵਿਚ ਸਥਿਤ ਹੈ। ਇਸ ਜ਼ਿਲ੍ਹੇ ਵਿਚ 10 ਬਲਾਕ ਹਨ, ਜਿਨ੍ਹਾਂ ਦਾ ਮੁੱਖੀ ਡੀ.ਡੀ.ਪੀ.ਓ. ਹੈ। ਆਮ ਪਬਲਿਕ ਦੀ ਜਾਣਕਾਰੀ ਲਈ ਡੀ.ਡੀ.ਪੀ.ਓ. ਅਤੇ ਬੀ.ਡੀ.ਪੀ.ਓ. ਦੇ ਦਫ਼ਤਰਾਂ ਦੇ ਟੈਲੀਫ਼ੂਨ ਨੰਬਰ ਹੇਠ ਲਿਖੇ ਅਨੁਸਾਰ ਹਨ, ਤਾਕਿ ਆਮ ਪਬਲਿਕ ਲੋੜ ਪੈਣ ਤੇ ਸੰਪਰਕ ਕਰ ਸਕਦੀ ਹੈ:-

| ਲੜੀ ਨੰ: | ਬਲਾਕ ਦਾ ਨਾਂ | ਟੈਲੀਫ਼ੂਨ ਨੰਬਰ | ਪੰਚਾਇਤਾਂ ਦੀ ਗਿਣਤੀ |
|---|---|---|---|
| 1. | ਡੀ.ਡੀ.ਪੀ.ਓ. ਦਫ਼ਤਰ | 01882-223374 | |
| 2. | ਹੁਸ਼ਿਆਰਪੁਰ-1 | 01882-250998 | 168 |
| 3. | ਹੁਸ਼ਿਆਰਪੁਰ-2 | 01882-222339 | 115 |
| 4. | ਭੂੰਗਾ | 01886-253430 | 174 |
| 5. | ਮਾਹਿਲਪੁਰ | 01884-245252 | 140 |
| 6. | ਗੜ੍ਹਸ਼ੰਕਰ | 01886-282037 | 144 |
| 7. | ਟਾਂਡਾ | 01886-222028 | 117 |
| 8. | ਦਸੂਹਾ | 01883-285027 | 142 |
| 9. | ਮੁਕੇਰੀਆਂ | 01883-244026 | 142 |
| 10. | ਹਾਜੀਪੁਰ | 01883-272305 | 93 |
| 11. | ਤਲਵਾੜਾ | 01883-236134 | 82 |
| | | | **ਜੋੜ** 1317 |

ਇਸ ਤਰ੍ਹਾਂ ਪੰਚਾਇਤਾਂ ਵਲੋਂ ਹੇਠ ਲਿਖੇ ਅਨੁਸਾਰ ਕੰਮ ਕਰਵਾਏ ਜਾਂਦੇ ਹਨ:-

1. **ਗਰਾਂਟਾਂ ਦੀ ਵੰਡ ਸਬੰਧੀ**

ਵੱਖ-ਵੱਖ ਸਕੀਮਾਂ ਅਧੀਨ ਪਲੈਨਿੰਗ ਬੋਰਡ ਵਲੋਂ ਜੋ ਗਰਾਂਟਾਂ ਜਾਰੀ ਹੁੰਦੀਆਂ ਹਨ, ਉਹ ਇਸ ਦਫ਼ਤਰ ਵਲੋਂ ਖਜ਼ਾਨੇ ਵਿਚੋਂ ਕਢਵਾਈਆਂ ਜਾਂਦੀਆਂ ਹਨ ਅਤੇ ਬੀ.ਡੀ.ਪੀ.ਓ. ਦੀ ਤਜਵੀਜ਼ ਅਨੁਸਾਰ ਪੰਚਾਇਤਾਂ ਨੂੰ ਕੰਮ ਕਰਾਉਣ ਲਈ ਦਿੱਤੀਆਂ ਜਾਂਦੀਆਂ ਹਨ। ਜਿਵੇਂ ਕਿ ਗਲੀਆਂ ਨਾਲੀਆਂ ਦੀ ਉਸਾਰੀ, ਪ੍ਰਾਇਮਰੀ ਸਕੂਲਾਂ ਦੀ ਉਸਾਰੀ, ਪੰਚਾਇਤ ਘਰਾਂ, ਧਰਮਸ਼ਾਲਾ, ਸ਼ਮਸ਼ਾਨ ਘਾਟ ਸ਼ੈੱਡ ਦੀ ਉਸਾਰੀ ਆਦਿ ਲਈ।

ਉਪਰੋਕਤ ਤੋਂ ਇਲਾਵਾ ਸਕੀਮ ਸੀ.ਡੀ. 2.35 ਸਟੇਟ ਸ਼ੇਅਰ ਟੂ ਦਾ ਮੈਕਸੀਮਮ ਐਕਸਟੈਂਟ ਆਫ਼ 50% ਫਾਰ ਪ੍ਰੋਵਾਈਡਿੰਗ ਬੇਸਿਕ ਇੰਨਫਰਾਸਟਰਕਚਰ ਇਨ ਦੀ ਸਕੂਲ ਅਤੇ ਅੰਦਰ ਕਮਿਊਨਟੀ ਸਰਵਿਸ ਥਰੂ ਐਨ.ਆਰ.ਪਾਰਟੀਸੀਪੇਸ਼ਨ ਅਧੀਨ ਜੇਕਰ ਕੋਈ ਐਨ.ਆਰ.ਆਈ. ਆਪਣੇ ਪਿੰਡ ਵਿਚ ਕਿਸੇ ਵਿਕਾਸ ਕੰਮ ਜਿਵੇਂ ਕਿ ਸਕੂਲਾਂ, ਗਲੀਆਂ, ਨਾਲੀਆਂ, ਗੰਦੇ ਪਾਣੀ ਦੇ ਨਿਕਾਸ, ਸਿਵਲ ਹਸਪਤਾਲ, ਪਸ਼ੂ ਹਸਪਤਾਲ ਆਦਿ ਲਈ ਜਿੰਨੀ ਰਾਸ਼ੀ ਆਪਣੇ ਵਲੋਂ ਦੇਣਗੇ, ਉਨੀ ਹੀ ਰਾਸ਼ੀ ਸਰਕਾਰ ਵਲੋਂ ਦਿੱਤੀ ਜਾਂਦੀ ਹੈ। ਇਸ ਸਬੰਧੀ ਵੀ ਜੇਕਰ ਕਿਸੇ ਪਿੰਡ ਵਿਚ ਕੋਈ ਐਨ.ਆਰ.ਆਈ. ਇਸ ਤਰ੍ਹਾਂ ਦਾ ਸਹਿਯੋਗ ਦੇਣ ਤਾਂ ਪੰਚਾਇਤਾਂ ਨੂੰ ਇਸ ਸਬੰਧੀ ਵੀ ਲਾਭ

ਉਠਾਉਣਾ ਚਾਹੀਦਾ ਹੈ।

2. **ਅਦਾਲਤੀ ਕੰਮ**

ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਨੂੰ ਸਰਕਾਰ ਵਲੋਂ ਕੁਲੈਕਟਰ ਦੀਆਂ ਪਾਵਰਾਂ ਦਿੱਤੀਆਂ ਗਈਆਂ ਹਨ, ਜਿਸ ਅਧੀਨ ਪੰਚਾਇਤਾਂ ਦੀਆਂ ਸ਼ਾਮਲਾਤ ਜ਼ਮੀਨਾਂ ਤੇ ਲੋਕਾਂ ਵਲੋਂ ਜੋ ਨਜਾਇਜ਼ ਕਬਜੇ ਆਦਿ ਕੀਤੇ ਜਾਂਦੇ ਹਨ, ਸਬੰਧੀ ਪੰਜਾਬ ਵਿਲੇਜ ਕਾਮਨ ਲੈਂਡ ਐਕਟ ਦੀ ਧਾਰਾ 7 ਅਧੀਨ ਕੇਸ ਸੁਣੇ ਜਾਂਦੇ ਹਨ ਅਤੇ ਫੈਸਲੇ ਕੀਤੇ ਜਾਂਦੇ ਹਨ। ਨਜਾਇਜ਼ ਕਬਜ਼ਿਆਂ ਦੇ ਕੇਸ ਅਦਾਲਤ ਵਿਚ ਸਬੰਧਤ ਪੰਚਾਇਤਾਂ ਵਲੋਂ ਦਰਜ ਕਰਵਾਏ ਜਾਂਦੇ ਹਨ, ਫੈਸਲਾ ਹੋਣ ਉਪਰੰਤ ਪੰਚਾਇਤਾਂ ਨੂੰ ਨਜਾਇਜ਼ ਕਾਬਜ਼ਦਾਰ ਵਲੋਂ ਕਬਜ਼ਾ ਦਵਾਇਆ ਜਾਂਦਾ ਹੈ। ਇਸ ਕਰਕੇ ਪੰਚਾਇਤ ਵਲੋਂ ਜੋ ਨਜਾਇਜ਼ ਕਬਜ਼ੇ ਆਪਣੇ ਪੱਧਰ ਤੇ ਨਹੀਂ ਦੂਰ ਕਰਵਾਏ ਜਾਂਦੇ, ਇਸ ਦਫ਼ਤਰ ਵਿਚ ਕੇਸ ਦਾਇਰ ਕਰਾਉਣ ਦੀ ਕਾਰਵਾਈ ਕਰਨੀ ਚਾਹੀਦੀ ਹੈ।

3. **ਸ਼ਾਮਲਾਤ ਜ਼ਮੀਨਾਂ ਠੇਕੇ ਤੇ ਚੜ੍ਹਾਉਣ ਸਬੰਧੀ**

ਪੰਚਾਇਤਾਂ ਦੀਆਂ ਸ਼ਾਮਲਾਤ ਜ਼ਮੀਨਾਂ ਦਾ ਵਾਹੀਯੋਗ ਅਤੇ ਗੈਰ-ਵਾਹੀਯੋਗ ਰਕਬਾ ਖੁੱਲ੍ਹੀ ਬੋਲੀ ਰਾਹੀਂ ਠੇਕੇ ਤੇ ਚੜ੍ਹਾਇਆ ਜਾਂਦਾ ਹੈ, ਇਸ ਸਬੰਧੀ ਬੋਲੀ ਦੀ ਮਿਤੀ ਅਤੇ ਸਥਾਨ ਬਾਰੇ ਅਖ਼ਬਾਰ ਆਦਿ ਵਿਚ ਇਸ਼ਤਿਹਾਰ ਦਿੱਤਾ ਜਾਂਦਾ ਹੈ ਤਾਂ ਜੋ ਲੋਕ ਇਸ ਬੋਲੀ ਵਿਚ ਵੱਧ ਤੋਂ ਵੱਧ ਹਿੱਸਾ ਲੈ ਸਕਣ ਅਤੇ ਇਸ ਤੋਂ ਆਪਣੀ ਆਮਦਨ ਨਾਲ ਪੰਚਾਇਤ ਨੂੰ ਵੀ ਮਾਲੀ ਲਾਭ ਹੁੰਦਾ ਹੈ। ਪਿੰਡ ਦੀ ਆਮ ਜਨਤਾ ਨੂੰ ਪੰਚਾਇਤ ਦੀ ਜ਼ਮੀਨ ਨਿਲਾਮੀ ਤੇ ਲੈਣ ਲਈ ਪੰਚਾਇਤ ਨਾਲ ਅਪ੍ਰੈਲ, ਮਈ ਮਹੀਨੇ ਵਿਚ ਸੰਪਰਕ ਰੱਖਣਾ ਚਾਹੀਦਾ ਹੈ।

4. **ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ**

ਜੇਕਰ ਕਿਸੇ ਪੰਚ/ਸਰਪੰਚ ਵਲੋਂ ਆਪਣੇ ਅਧਿਕਾਰਾਂ ਦੀ ਗਲਤ ਵਰਤੋਂ ਕਰਦੇ ਹੋਏ ਪੰਚਾਇਤ ਫੰਡਾਂ ਜਾਂ ਗਰਾਂਟਾਂ ਦੀ ਦੁਵਰਤੋਂ ਕੀਤੀ ਜਾਂਦੀ ਹੈ ਤਾਂ ਅਜਿਹੀਆਂ ਸ਼ਿਕਾਇਤਾਂ ਦੀ ਕਾਰਵਾਈ ਪਹਿਲਾਂ ਸਬੰਧਤ ਬੀ.ਡੀ.ਪੀ.ਓ. ਵਲੋਂ ਕੀਤੀ ਜਾਂਦੀ ਹੈ ਅਤੇ ਜੇਕਰ ਬਲਾਕ ਪੱਧਰ ਤੇ ਮਸਲਾ ਹੱਲ ਨਾ ਹੋਵੇ ਤਾਂ ਇਸ ਸਬੰਧੀ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਵਲੋਂ ਕਾਰਵਾਈ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਹੋਰ ਕਿਸੇ ਵਲੋਂ ਸ਼ਿਕਾਇਤ ਜਾਂ ਕਿਸੇ ਉੱਚ ਅਧਿਕਾਰੀ ਵਲੋਂ ਕੋਈ ਸ਼ਿਕਾਇਤ ਸੌਂਪੀ ਜਾਂਦੀ ਹੈ ਤਾਂ ਉਸ ਦਾ ਵੀ ਨਿਪਟਾਰਾ ਮੌਕੇ ਤੇ ਕਰਦੇ ਹੋਏ ਲੋਕ ਹਿੱਤ ਵਿੱਚ ਕਾਰਵਾਈ ਕੀਤੀ ਜਾਂਦੀ ਹੈ।

5. **ਪੰਚਾਇਤ ਚੋਣਾਂ ਸਬੰਧੀ**

ਪੰਚਾਇਤਾਂ ਦੀਆਂ ਚੋਣਾਂ ਹਰ 5 ਸਾਲ ਬਾਅਦ ਸਰਕਾਰ ਵਲੋਂ ਕਰਵਾਈਆਂ ਜਾਂਦੀਆਂ ਹਨ। ਹੁਣ ਪੰਚਾਇਤਾਂ ਦੀਆਂ ਚੋਣਾਂ ਜੂਨ, 2003 ਵਿਚ ਕਰਵਾਈਆਂ ਗਈਆਂ ਹਨ। ਜੇਕਰ ਕੋਈ ਸੀਟ ਅਸਤੀਫੇ/ਮੌਤ ਕਾਰਨ ਖਾਲੀ ਹੋ ਜਾਂਦੀ ਹੈ ਤਾਂ ਉਸ ਸਬੰਧੀ ਚੋਣ ਵੀ ਸੀਟ ਖਾਲੀ ਹੋਣ ਦੇ 6 ਮਹੀਨੇ ਅੰਦਰ-ਅੰਦਰ ਦੁਬਾਰਾ ਚੋਣ ਕਰਵਾ ਕੇ ਸੀਟ ਭਰੀ ਜਾਂਦੀ ਹੈ।